**International Journal of Humanities and Social Science Research**
**ISSN: 2455-2070, Impact Factor: (RJIF 5.22)**
**www.socialresearchjournals.com**
**Volume 2; Issue 2; February 2016; Page No. 55-59**

# ਪੰਜਾਬੀ ਸਾਹਿਤ ਵਿੱਚ ਨਾਟਕੀ ਕਵਿਤਾ

**ਜਸਦੀਪ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ,ਪੰਜਾਬ,ਭਾਰਤ.

**ਸਾਰੰਸ਼** ਪੰਜਾਬੀ ਸਾਹਿਤ ਵਿੱਚ ਨਾਟਕ ਸਿਰਜਣ ਅਤੇ ਖੇਡਣ ਦੀ ਪਰੰਪਰਾ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਹੈ। ਮੱਧਯੁਗ ਦੇ ਅੰਤ ਤਕ ਵਿਸ਼ੇਸ਼ ਧਾਰਮਿਕ, ਸਮਾਜਿਕ ਅਤੇ ਇਤਿਹਾਸਕ ਪਰਿਸਥਿਤੀਆਂ ਕਾਰਨ ਇਹ ਪਰੰਪਰਾ ਪੰਜਾਬੀ ਭਾਸ਼ਾ ਵਿੱਚ ਭਾਵੇਂ ਪ੍ਰਚਲਿਤ ਨਹੀਂ ਹੋਈ ਪਰੰਤੂ ਇਸ ਕਾਲ ਦੌਰਾਨ ਲੋਕ-ਨਾਟਕ ਜਿਵੇਂ ਨਕਲ, ਸਵਾਂਗ, ਰਾਸ ਆਦਿ ਦੇ ਰੂਪ ਵਿੱਚ ਪ੍ਰਚਲਿਤ ਰਹੀ। ਇਸ ਪ੍ਰਕਾਰ ਪੰਜਾਬੀ ਨਾਟਕ ਲੋਕ-ਸਾਹਿਤ ਦੇ ਅੰਗ ਵਜੋਂ ਤਾਂ ਪ੍ਰਚਲਿਤ ਰਿਹਾ ਪਰੰਤੂ ਵਿਸ਼ਿਸ਼ਟ ਸਾਹਿਤ ਵਿੱਚ ਇਸ ਦੀ ਸਜੀਵਤਾ ਦਾ ਪ੍ਰਮਾਣ ਨਹੀਂ ਮਿਲਦਾ। ਨਾਟ-ਕਾਵਿ ਸੰਬੰਧੀ ਉਪਰੋਕਤ ਅਧਿਐਨ ਉਪਰੰਤ ਅਸੀਂ ਕਹਿ ਸਕਦੇ ਹਾ ਕਿ ਨਾਟ-ਕਾਵਿ/ਕਾਵਿ-ਨਾਟ ਇਹ ਅਜਿਹਾ ਕਾਵਿ-ਰੂਪ ਹੈ ਜਿਸ ਵਿੱਚ ਕਵਿਤਾ ਅਤੇ ਨਾਟਕ ਦੇ ਤੱਤਾਂ-ਗੁਣਾਂ, ਸੁਭਾਉ ਅਤੇ ਉਨ੍ਹਾਂ ਦੀ ਬਣਤਰ ਦਾ ਮੇਲ ਇਸ ਤਰ੍ਹਾਂ ਹੁੰਦਾ ਹੈ ਕਿ ਇਨ੍ਹਾਂ ਦਾ ਵਖਰੇਵਾਂ ਕਿਸੇ ਵੀ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਕਾਵਿਕਤਾ ਅਤੇ ਨਾਟਕੀਅਤਾ ਇਕ ਦੂਜੇ ਦੇ ਵਿਰੋਧੀ ਨਾ ਹੋ ਕੇ ਸਹਾਈ ਹੁੰਦੇ ਹਨ। ਨਾਟਕੀ ਕਾਵਿ ਵਿੱਚ ਨਾਟਕ ਅਤੇ ਕਾਵਿ ਵਿੱਚ ਸਮੀਕਰਣ ਮੌਜੂਦ ਹੁੰਦਾ ਹੈ।
ਨਾਟ-ਕਾਵਿ ਅਤੇ ਕਾਵਿ-ਨਾਟ ਵਿੱਚ ਅੰਤਰ ਕੇਵਲ ਕਵਿਤਾ ਅਤੇ ਨਾਟਕ ਦੀ ਪ੍ਰਮੁੱਖਤਾ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਨਾਟ-ਕਾਵਿ ਵਿੱਚ ਕਾਵਿਕਤਾ ਦੀ ਪ੍ਰਮੁੱਖਤਾ ਅਤੇ ਨਾਟਕੀਅਤਾ ਗੌਣ ਰੂਪ ਵਿੱਚ ਮੌਜੂਦ ਹੁੰਦੀ ਹੈ। ਨਾਟ-ਕਾਵਿ ਦੇ ਲੇਖਕ ਲਈ ਕਵੀ ਹੋਣਾ ਆਵੱਸ਼ਕ ਹੈ। ਨਾਟ-ਕਾਵਿ ਕਵਿਤਾ ਦਾ ਉਹ ਰੂਪ ਹੈ ਜਿਸਦੀ ਰਚਨਾ ਨਾਟਕੀ ਹੁੰਦੀ ਹੈ। ਕਾਵਿ-ਨਾਟ ਕਾਵਿਕ ਹੁੰਦਾ ਹੋਇਆ ਵੀ ਮੂਲ ਰੂਪ ਵਿੱਚ ਨਾਟਕ ਹੀ ਹੁੰਦਾ ਹੈ। ਇਸ ਦੀ ਨਿਸਬਤ ਨਾਟਕੀ ਕਾਵਿ ਨਾਟਕ ਨਾਲੋਂ ਕਾਵਿ ਦੇ ਵਧੇਰੇ ਨੇੜੇ ਹੁੰਦਾ ਹੈ।

**ਮੁੱਖ ਸਬਦ: ਨਾਟਕਾਵਿ, ਲੋਕਸਾਹਿਤ, ਪ੍ਰਗੀਤਕ, ਸੁਮੇਲ, ਸੰਰਚਨਾ, ਆਤਮਗਤ, ਵਸਤੂਗਤ, ਆਦਿ**

ਵਿਸ਼ਵ ਸਾਹਿਤ ਤੇ ਝਾਤ ਮਾਰਿਆਂ ਨਾਟਕ ਦੀਆਂ ਦੋ ਪ੍ਰਮੁੱਖ ਪਰੰਪਰਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਸ ਨੂੰ ਅਸੀਂ ਭਾਰਤੀ ਨਾਟ ਪਰੰਪਰਾ ਅਤੇ ਯੂਨਾਨੀ ਨਾਟ ਪਰੰਪਰਾ ਦਾ ਨਾਂ ਦੇ ਸਕਦੇ ਹਾਂ। ਭਾਰਤੀ ਨਾਟ ਪਰੰਪਰਾ ਦਾ ਸਿਖਰ ਕਾਲੀਦਾਸ ਦੀ ਪ੍ਰਸਿੱਧ ਰਚਨਾ ਅਭਿਗਿਆਨ ਸ਼ਕੁੰਤਲਮ ਹੈ ਅਤੇ ਇਸ ਵਿਧੀ-ਵਿਧਾਨ ਭਰਤਮੁਨੀ ਦੇ ਨਾਟਯ ਸ਼ਾਸ਼ਤਰ ਤੋਂ ਸਪਸ਼ਟ ਹੁੰਦਾ ਹੈ:

ਨਾਟਕ ਦੀ ਰਚਨਾ ਕਰਨ ਸਮੇਂ ਬ੍ਰਹਮਾ ਨੇ ਰਿਗਵੇਦ ਵਿੱਚੋਂ ਸੰਗੀਤ, ਨਾਚ ਗਾਉਣ ਦੀਆਂ ਸੁਰਾਂ ਅਤੇ ਸਾਜ਼ਾਂ ਦੀਆਂ ਧੁਨੀਆਂ ਲਈਆਂ ਯਜੁਰਵੇਦ ਵਿੱਚੋਂ ਅਭਿਨੈ ਅਤੇ ਅਥਰਵ ਵੇਦ ਵਿੱਚੋਂ ਰਸਾਂ ਦੀਆਂ ਰੀਤੀਆਂ ਨੂੰ ਲਿਆ। ਇਸ ਤਰ੍ਹਾਂ ਇਨ੍ਹਾਂ ਸਾਰਿਆਂ ਦੇ ਸੰਗਮ ਨਾਲ ਪੰਜਵਾਂ ਵੇਦ, ਨਾਟਕ ਤਿਆਰ ਕੀਤਾ ਜੋ ਸਭ ਜਾਤਾਂ ਫ਼ਿਰਕਿਆਂ ਦੇ ਲੋਕਾਂ ਲਈ ਸਾਂਝਾਂ ਸੀ।[1] ਇਸੇ ਪ੍ਰਕਾਰ ਯੂਨਾਨੀ ਨਾਟ ਪਰੰਪਰਾ ਦਾ ਸਿਖਰ ਈਡੀਪਸ ਰੈਕਸ ਮੰਨਿਆ ਜਾਂਦਾ ਹੈ ਅਤੇ ਇਸ ਦੇ ਵਿਧੀ ਵਿਧਾਨਾਂ ਨੂੰ ਸਪਸ਼ਟ ਕਰਨ ਲਈ ਅਰਸਤੂ ਨੇ ਕਾਵਿ ਸ਼ਾਸਤਰ ਦੀ ਸਿਰਜਣਾ ਕੀਤੀ।

ਕਵਿਤਾ ਅਤੇ ਨਾਟਕ ਸਾਹਿਤ ਦੇ ਦੋ ਨਿਵੇਕਲੇ ਕਾਵਿ ਰੂਪ ਹਨ। ਇਨ੍ਹਾਂ ਦੋਹਾਂ ਦੇ ਮੇਲ ਨਾਲ ਇਕ ਨਵੀਂ ਧਾਰਾ ਦਾ ਵਿਕਾਸ ਹੋ ਰਿਹਾ ਹੈ, ਜਿਸ ਨੂੰ ਨਾਟ-ਕਾਵਿ, ਕਾਵਿ-ਨਾਟ, ਪਦ-ਨਾਟ, ਗੀਤ-ਨਾਟ, ਧੁਨੀ-ਨਾਟ ਆਦਿ ਅਨੇਕ ਨਾਵਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸ ਲਈ ਕਾਵਿ-ਨਾਟਕ (ਸ਼ਰਕਵਜਫ ਣਗ਼ਠ਼) ਅਤੇ ਨਾਟਕੀ-ਕਾਵਿ (ਣਗ਼ਠ਼ਵਜਫ ਸ਼ਰਕਵਗਖ) ਨਾਮ ਪ੍ਰਚਲਿਤ ਹਨ। ਇਸ ਪ੍ਰਕਾਰ ਦੀਆਂ ਰਚਨਾਵਾਂ ਵਿੱਚ ਕਵਿਤਾ ਅਤੇ ਨਾਟਕ ਦੇ ਤੱਤਾਂ ਦਾ ਸੁਮੇਲ ਹੁੰਦਾ ਹੈ। ਨਾਟਕ ਅਤੇ ਕਵਿਤਾ ਦਾ ਸੁਮੇਲ ਹੋਣ ਕਾਰਨ, ਕਾਵਿ-ਲਾਟ ਜਾਂ ਨਾਟ-ਕਾਵਿ ਜੀਵਨ ਅਨੁਭਵ ਨੂੰ ਇਕੋ ਵੇਲੇ ਸਾਮਿਅਕ ਤੇ ਸਦੀਵੀ ਵਿਸ਼ੇਸ਼ਤਾ ਪ੍ਰਦਾਨ ਕਰਨ ਦੀ ਚੇਸ਼ਟਾ ਕਰਦਾ ਹੈ। ਇਸ ਪ੍ਰਕਾਰ ਸਹਿਜੇ ਹੀ ਕਾਵਿ-ਨਾਟ ਵਿੱਚ ਦੇਸ਼ ਤੇ ਕਾਲ, ਪ੍ਰਕਿਰਤੀ ਤੇ ਸਮਾਜ, ਮਿਥਿਹਾਸ ਤੇ ਇਤਿਹਾਸ ਆਦਿ ਵਿੱਚ ਸੁਮੇਲ ਸਥਾਪਿਤ ਹੋ ਜਾਂਦਾ ਹੈ।

## ਕਵਿਤਾ ਅਤੇ ਨਾਟਕ:

ਅਰਸਤੂ ਦੇ ਯੁਗ ਵਿੱਚ ਨਾਟਕ ਅਤੇ ਕਵਿਤਾ ਦਾ ਮਾਧਿਅਮ ਪਦ ਹੀ ਸੀ। ਗੱਦ ਸਾਹਿਤ ਉਸ ਵੇਲੇ ਪ੍ਰਚਲਿਤ ਨਹੀਂ ਸੀ ਹੋਇਆ। ਸਤਿੰਦਰ ਸਿੰਘ ਅਨੁਸਾਰ: ਨਾਟਕੀ ਕਾਵਿ ਵਿੱਚ ਨਾਟਕੀ ਤੇ ਕਾਵਿ ਦੇ ਤੱਤਾਂ ਵਿੱਚ ਇਕ ਸਮੀਕਰਣ ਹੁੰਦਾ ਹੈ। ਇਹ ਰੂਪ ਵਿੱਚ ਨਾਟਕੀ ਅਤੇ ਆਤਮਾ ਵਜੋਂ ਪ੍ਰਗੀਤਕ ਹੁੰਦਾ ਹੈ। ਨਾਟਕੀ ਤੱਤਾਂ ਵਿੱਚੋਂ ਇਸ ਵਿੱਚ ਸੰਵਾਦ ਤੇ ਮਨੋਬਚਨੀ ਆਦਿ ਦੀ ਜ਼ਿਆਦਾ ਅਤੇ ਘਟਨਾ-ਗੋਂਦ ਆਦਿ ਦੀ ਥੋੜੀ ਵਰਤੋਂ ਕੀਤੀ ਜਾਂਦੀ ਹੈ।[2] ਹੈਰੀ ਸ਼ਾਹ ਨੇ ਨਾਟ-ਕਾਵਿ ਨੂੰ ਕਵਿਤਾ ਦਾ ਉਹ ਰੂਪ ਮੰਨਿਆ ਹੈ ਜਿਸਦੀ ਸੰਰਚਨਾ ਨਾਟਕੀ ਹੁੰਦੀ ਹੈ।[3] ਡ੍ਰਾਈਡਨ (Dryden) ਨਾਟ-ਕਾਵਿ ਦਾ ਪਹਿਲਾ ਵਿਦਵਾਨ ਮੰਨਿਆ ਜਾਂਦਾ ਹੈ। ਉਸ ਅਨੁਸਾਰ ਨਾਟਕਕਾਰ ਲਈ ਕਵੀ ਹੋਣਾ ਅਨਿਵਾਰੀ ਹੈ।[4] ਟੀ ਐਸ. ਈਲੀਅਟ ਕਾਵਿ-ਨਾਟਕ ਅਤੇ ਨਾਟ-ਕਾਵਿ ਦੇ ਅੰਤਰ ਨੂੰ ਦਰਸਾਉਂਦੇ ਹੋਏ ਦੋਹਾਂ ਨੂੰ ਇਕੋ ਮੰਨਦਾ ਹੈ। ਪੰਜਾਬੀ ਅਤੇ ਹਿੰਦੀ ਸਾਹਿਤ ਵਿੱਚ ਵੀ ਇਨ੍ਹਾਂ ਸ਼ਬਦਾਂ ਨੂੰ ਇਕੋ ਮੰਨਿਆ ਜਾਂਦਾ ਹੈ। ਇਨ੍ਹਾਂ ਦੋਹਾਂ ਰੂਪਾਕਾਰਾਂ (ਕਾਵਿ-ਨਾਟ ਅਤੇ ਨਾਟ-ਕਾਵਿ) ਵਿੱਚ ਕਵਿਤਾ ਅਤੇ ਨਾਟਕ ਦਾ ਸੁੰਦਰ ਸਮਨਵੈ ਮੌਜੂਦ ਹੁੰਦਾ ਹੈ, ਇਹ ਸਮਨਵੈ ਅਜਿਹੇ ਰਚਨਾਤਮਕ ਅਤੇ ਕਲਾਤਮਕ ਅੰਦਾਜ਼ ਵਿੱਚ ਹੁੰਦਾ ਹੈ ਕਿ ਇਨ੍ਹਾਂ ਵਿੱਚ ਵਖਰੇਵਾਂ

ਕਰਨਾ ਅਸੰਭਵ ਹੋ ਨਿਬੜਦਾ ਹੈ। ਇਸੇ ਲਈ ਟੀ. ਐਸ. ਈਲੀਅਟ ਨੇ ਮਹਾਨ ਕਾਵਿ ਲਈ ਨਾਟਕੀ ਹੋਣਾ ਜ਼ਰੂਰੀ ਸਵੀਕਾਰ ਕੀਤਾ ਹੈ।[5]

ਪੰਜਾਬੀ ਆਲੋਚਨਾ ਜਗਤ ਵਿੱਚ ਨਾਟ-ਕਾਵਿ ਲਈ ਅਨੇਕਾਂ ਨਾਵਾਂ ਦੀ ਵਰਤੋਂ ਹੁੰਦੀ ਰਹੀ ਹੈ। ਨਾਟਕੀ-ਕਾਵਿ, ਨਾਟ-ਕਾਵਿ, ਕਾਵਿ-ਨਾਟ, ਗੀਤ-ਨਾਟ, ਰੂਪਕ ਕਾਵਿ ਆਦਿ ਨਾਂ ਵਰਨਣਯੋਗ ਹਨ। ਕਵਿਤਾ ਅਤੇ ਨਾਟਕ ਦੇ ਸੁਮੇਲ ਨਾਲ ਉਦਭਵ ਹੋਏ ਇਸ ਰੂਪਾਕਾਰ ਨੂੰ ਭਾਵੇਂ ਕਈ ਤਰ੍ਹਾਂ ਨਾਲ ਨਾਮੰਕਿਤ ਕੀਤਾ ਜਾਦਾ ਰਿਹਾ ਹੈ। ਪਰੰਤੂ ਕਾਵਿ-ਨਾਟ/ ਕਾਵਿਕ ਨਾਟਕ (Poetic Drama) ਅਤੇ ਨਾਟ-ਕਾਵਿ/ ਨਾਟਕੀ ਕਾਵਿ (Dramatic Poetry) ਨਾਂ ਵਧੇਰੇ ਪ੍ਰਚਲਿਤ ਹੋਏ ਹਨ।

ਭਾਰਤੀ ਕਾਵਿ-ਸ਼ਾਸਤਰ ਵਿੱਚ ਕਾਵਿ ਨੂੰ 'ਦ੍ਰਿਸ਼' ਅਤੇ 'ਸ਼੍ਰਵ' ਦੋ ਰੂਪਾਂ ਵਿੱਚ ਵਰਗੀਕ੍ਰਿਤ ਕੀਤਾ ਹੈ। ਇਸ ਵਰਗੀਕਰਣ ਦਾ ਸਥੂਲ ਆਧਾਰ ਦੇਖਦਾ (ਅਭਿਨੈ ਰਾਹੀਂ) ਅਤੇ ਸੁਣਨਾ ਰਿਹਾ ਹੈ। ਸੰਸਕ੍ਰਿਤ ਸਾਹਿਤ ਵਿੱਚ ਨਾਟਕ ਬਾਰੇ ਹੋਈ ਚਰਚਾ 'ਕਾਵਿ' ਦੇ ਅੰਤਰਗਤ ਹੀ ਹੋਈ ਹੈ। ਭਾਰਤੀ ਕਾਵਿ-ਸ਼ਾਸਤਰ ਵਿੱਚ 'ਕਾਵਿ' ਪਦ ਸਮੁੱਚੇ ਸਾਹਿਤ ਲਈ ਵਰਤਿਆ ਗਿਆ ਹੈ। ਕਾਵਿ (ਸਾਹਿਤ) ਨੂੰ ਅੱਗੋਂ ਸ਼੍ਰਵ ਅਤੇ ਦ੍ਰਿਸ਼ ਕਾਵਿ ਵਿੱਚ ਵੰਡਿਆ ਗਿਆ ਹੈ। ਸ਼੍ਰਵ ਕਾਵਿ ਵਿੱਚ ਅੱਗੋਂ-ਪ੍ਰਬੰਧ ਕਾਵਿ, ਅਬੰਧ-ਕਾਵਿ ਅਤੇ ਬੰਧਾ-ਬੰਧ ਕਾਵਿ ਦੇ ਭੇਦਾਂ ਤੇ ਉਪਦੇਸ਼ਾਂ ਨੂੰ ਵਿੱਚਾਰਿਆਂ ਗਿਆ ਹੈ। ਦ੍ਰਿਸ਼-ਕਾਵਿ ਵਿੱਚ ਰੂਪਕ, ਉਪਰੂਪਕ ਅਰਥਾਤ ਨਾਟ-ਸਾਹਿਤ ਦੀਆਂ ਵੰਨਗੀਆਂ ਨੂੰ ਵਿੱਚਾਰਿਆ ਗਿਆ ਹੈ। ਅਚਾਰੀਆ ਮਹਿਮਾ ਭੱਟ ਨੇ 'ਕਾਵਿ' ਨੂੰ ਪਰਿਭਾਸ਼ਿਤ ਕਰਦਿਆਂ ਕਾਵਿ ਦੇ ਅਭਿਨੈ ਨੂੰ ਨਾਟਕ ਸਵੀਕਾਰ ਕੀਤਾ ਹੈ। ਨਾਟਯ ਸ਼ਾਸਤਰ ਦੇ ਕਰਤਾ ਭਰਤਮੁਨੀ ਨੇ ਕਾਵਿ-ਨਾਟਕ ਦੀ ਪ੍ਰਕਾਰਜਸ਼ੀਲਤਾ, ਸਰੂਪ ਅਤੇ ਉਦੇਸ਼ ਬਾਰੇ ਆਪਣੇ ਵਿੱਚਾਰ ਦਿੰਦਿਆਂ ਕਿਹਾ ਹੈ, (ਬ੍ਰਹਮਾ ਦੁਆਰਾ ਬਣਾਏ) ਨਾਟਯ ਵੇਦ ਰਾਹੀਂ ਨਾਟਕ ਕਿਤੇ ਧਰਮ, ਕਿਤੇ ਖੇਡ-ਤਮਾਸ਼ੇ ਕਿਤੇ ਵਣਜ-ਵਪਾਰ, ਕਿਤੇ ਵੈਰਾਗ ਭਾਵ, ਕਿਤੇ ਹਾਸਾ-ਮਜ਼ਾਕ, ਕਿਤੇ ਯੁੱਧ ਕਿਤੇ ਸ਼ਿੰਗਾਰ ਰਸ ਅਤੇ ਕਿਤੇ ਹੱਤਿਆ ਦੇ ਦ੍ਰਿਸ਼ ਵੀ ਵਿਖਾਏ ਜਾਂਦੇ ਹਨ।[6]

ਵਿਆਪਕ ਦ੍ਰਿਸ਼ਟੀ ਤੋਂ ਸਾਹਿਤ ਦੇ ਪੱਦ, ਗੱਦ ਅਤੇ ਗੱਦ-ਪੱਦ ਮਿਸ਼ਰਤ ਤਿੰਨ ਰੂਪ ਸਵੀਕਾਰ ਕੀਤੇ ਗਏ ਹਨ। ਇਹ ਤਿੰਨੇ ਰੂਪ ਅੱਜ ਵੀ ਪ੍ਰਚਲਿਤ ਹਨ। ਪਹਿਲੇ ਨੂੰ ਕਾਵਿ, ਦੂਸਰੇ ਨੂੰ ਗੱਦ (ਨਾਟਕ, ਨਾਵਲ, ਕਹਾਣੀ, ਨਿਬੰਧ, ਆਲੋਚਨਾ ਆਦਿ) ਅਤੇ ਤੀਸਰੇ ਨੂੰ ਗੱਦਯੁਕਤ ਕਾਵਿ ਜਾਂ ਕਵਿਯੁਕਤ ਗੱਦ ਨਾਂ ਦਿੱਤਾ ਜਾ ਸਕਦਾ ਹੈ। ਕਾਵਿ ਯੁਕਤ ਗੱਦ ਵਿੱਚ ਨਾਟ-ਕਾਵਿ ਸੰਬੰਧੀ ਸਥਿਤੀ ਦੀ ਕੁੱਝ ਪਹਿਚਾਣ ਤਾਂ ਕੀਤੀ ਜਾ ਸਕਦੀ ਹੈ ਪਰ ਪੂਰਨ ਰੂਪ ਵਿੱਚ ਨਾਟ-ਕਾਵਿ ਦਾ ਇਥੇ ਕੋਈ ਆਲੇਖ ਨਹੀਂ ਹੈ।

ਕਾਵਿ ਦੇ ਭੇਦ ਉਪਭੇਦ ਕਰਦੇ ਸਮੇਂ ਇਸ ਨੂੰ ਦੋ ਰੂਪਾਂ ਪ੍ਰਬੰਧ ਅਤੇ ਮੁਕਤਕ ਕਾਵਿ ਵਿੱਚ ਵੰਡਿਆ ਗਿਆ ਹੈ। ਪ੍ਰਬੰਧ ਕਾਵਿ ਦੇ ਮਹਾਕਾਵਿ, ਖੰਡ ਕਾਵਿ ਅਤੇ ਏਕਾਰਥ ਕਾਵਿ ਤਿੰਨ ਭੇਦ ਕੀਤੇ ਗਏ ਹਨ। ਮੁਕਤਕ ਕਾਵਿ ਦੇ ਗੀਤ ਅਤੇ ਸਵਛੰਦ ਦੋ ਭੇਦ ਕੀਤੇ ਗਏ ਹਨ। ਇਨ੍ਹਾਂ ਭੇਦਾਂ ਵਿੱਚ ਵੀ ਨਾਟ-ਕਾਵਿ ਜਾਂ ਕਾਵਿ-ਨਾਟ ਦਾ ਜ਼ਿਕਰ ਨਹੀਂ ਆਉਂਦਾ। ਇਸ ਚਰਚਾ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਨਾਟ-ਕਾਵਿ ਇਕ ਨਵੀਨ ਸਾਹਿਤਿਕ ਵਿਧਾ ਹੈ ਜਿਸ ਦਾ ਆਰੰਭ ਪੱਛਮੀ ਸਾਹਿਤ ਤੋਂ ਹੋਇਆ ਮੰਨਿਆ ਜਾਂਦਾ ਹੈ।

## ਨਾਟ-ਕਾਵਿ ਪੱਛਮੀ ਚਿੰਤਨ

ਨਾਟ-ਕਾਵਿ ਸੰਬੰਧੀ ਚਰਚਾ ਅੰਗਰੇਜ਼ੀ ਭਾਸ਼ਾ ਵਿੱਚ ਡ੍ਰਾਈਡਨ ਤੋਂ ਸਵੀਕਾਰ ਕੀਤੀ ਜਾਂਦੀ ਹੈ। ਡ੍ਰਾਈਡਨ ਨੇ ਨਾਟ-ਕਾਵਿ ਲਈ ਡਰਾਮੈਟਿਮਕ ਪੋਇਜ਼ੀ (Dramatic Poesy) ਦਾ ਨਾਂ ਦਿੱਤਾ ਹੈ। ਪੋਇਟਰੀ ਸ਼ਬਦ ਦਾ ਪ੍ਰਯਾਯਵਾਚੀ ਰੂਪ 'ਪ੍ਰਇਜ਼ੀ' ਪੱਛਮੀ ਆਲੋਚਲਾ ਵਿੱਚ ਕਾਫੀ ਪ੍ਰਚਲਿਤ ਰਿਹਾ ਹੈ। ਟੀ. ਐਸ. ਈਲੀਅਟ ਨੇ ਨਾਟਕੀ ਕਾਵਿ ਕ੍ਰਿਤਾਂ ਨੂੰ 'ਪੋਇਟਿਕ ਪਲੇ' ਜਾਂ 'ਪੋਇਟਿਕ ਡਰਾਮਾ' ਨਾਂ ਦਿੱਤਾ ਹੈ। ਇਸ ਤੋਂ ਭਾਵ ਹੈ ਕਿ ਨਾਟਕ ਦਾ ਮਾਧਿਅਮ ਪਦ ਅਰਥਾਤ ਕਾਵਿ-ਤੁਕਾਂ ਹਨ ਪਰ ਉਹ ਇਨ੍ਹਾਂ ਤੁਕਾਂ ਨੂੰ ਕਾਵਿ-ਤੱਤਾਂ ਤੋਂ ਵਿਹੂਣੀਆਂ ਸਵੀਕਾਰ ਨਹੀਂ ਕਰਦਾ ਕਿਉਂਕਿ ਉਹ ਇਸੇ ਦੇ ਲੇਖਕ ਦਾ ਬੁਨਿਆਦੀ ਰੂਪ ਵਿੱਚ ਕਵੀ ਹੋਣਾ ਜ਼ਰੂਰੀ ਮੰਨਦਾ ਹੈ।

ਨਾਟਕ ਬਾਰੇ ਜੇਮਜ਼ ਕਲੇ ਅਤੇ ਡੈਨੀਅਲ ਕਰੇਮਪਲ ਦਾ ਵਿੱਚਾਰ ਹੈ ਕਿ ਨਾਟਕ ਮਨੁੱਖੀ ਜੀਵਨ ਦਾ ਉਹ ਬਿੰਬ ਹੈ ਜ਼ੋ ਦਰਸ਼ਕਾਂ ਦੇ ਮਨਾਂ ਅੰਦਰ ਘਟਨਾਵਾਂ ਦੀ ਬੁਣਤਰ ਦੇ ਅਭਿਨੈ ਦੁਆਰਾ ਸਿਰਜਿਆ ਜਾਂਦਾ ਹੈ। ਇਸ ਪ੍ਰਕਾਰ ਨਾਟਕ ਇਕ ਪਾਸੇ ਸਾਹਿਤਿਕ ਵਿਧਾ ਹੈ ਅਤੇ ਦੂਸਰੇ ਪਾਸੇ ਰੰਗਮੰਚੀ ਕਲਾ ਹੈ। ਵਿਦਵਾਨ ਏ. ਨਿਕਲ ਦੇ ਨਾਟਕ ਦੀ ਪ੍ਰਕਾਰਜਸ਼ੀਲਤਾ ਬਾਰੇ ਵਿੱਚਾਰ ਵਰਣਨਯੋਗ ਹਨ।[7]

ਉਸ ਅਨੁਸਾਰ ਨਾਟਕ ਜੀਵਨ ਬਾਰੇ ਵਿੱਚਾਰਾਂ ਨੂੰ ਇਸ ਪ੍ਰਕਾਰ ਅਭਿਵਿਅਕਤ ਕਰਨ ਦੀ ਕਲਾ ਹੈ ਕਿ ਇਸ ਅਭਿਵਿਅਕਤੀ ਦੀ ਨ ਕੇਵਲ ਪਾਤਰਾਂ ਰਾਹੀਂ ਵਿਆਖਿਆ ਹੋ ਸਕੇ, ਸਗੋਂ ਇਹ ਦਰਸ਼ਕ
ਸਮੂਹ ਨੂੰ ਇਹ ਵਿਆਖਿਆ ਦਿਲਚਸਪ ਵੀ ਪ੍ਰਤੀਤ ਹੋਵੇ।[8]

ਕੁਝ ਆਲੋਚਕ ਕਾਵਿ-ਮਾਧਿਅਮ ਦੀ ਸਮਰਥਾ ਨੂੰ ਵੇਖ ਕੇ ਕਾਵਿ-ਨਾਟਕ ਵਿੱਚ ਕਵਿਤਾ ਦਾ ਨਾਟਕੀ ਜੁਗਤਾਂ ਦੀ ਵਿਆਖਿਆ ਸਮੇਂ ਪ੍ਰਮੁੱਖ ਸਥਾਨ ਸਵੀਕਾਰ ਕਰਦੇ ਹਨ। ਜਿਵੇਂ ਏ.ਸੀ. ਬ੍ਰੈਡਲੇ ਨੇ ਇਸ ਰੂਪਾਕਾਰ ਦੀ ਸਫ਼ਲਤਾ ਅਤੇ ਸਦੀਵਤਾ ਦਾ ਕਾਰਣ ਪ੍ਰਗੀਤਕ ਤੱਤਾਂ ਦੀ ਉੱਤਮਤਾ ਅਤੇ ਨਾਟਕੀ ਤੱਤਾਂ ਦੀ ਨਿਊਨਤਾ ਨੂੰ ਸਵੀਕਾਰ ਕਰਦਿਆਂ ਕਿਹਾ ਹੈ ਕਿ ਆਧੁਨਿਕ ਯੁਗ ਦੇ ਕਾਵਿ-ਨਾਟ ਦੇ ਮਹੱਤਵ ਅਤੇ ਸਥਾਈਪਨ ਦਾ ਕਾਰਨ ਉਨ੍ਹਾਂ ਦੀ ਪ੍ਰਗੀਤਾਤਮਿਕਤਾ ਹੀ ਹੈ, ਨਾਟਕੀ ਗੁਣ ਨਹੀਂ।[9]ਇਸ ਦੇ ਉਲਟ ਈਲੀਅਟ ਨੇ ਸੱਚੇ ਅਰਥਾਂ ਵਿੱਚ ਕਵਿਤਾ ਦਾ ਦਾ ਪ੍ਰਯੋਗ ਅਜਿਹੀ ਨਾਟਕੀ ਸਥਿਤੀ ਵਿੱਚ ਜ਼ਰੂਰੀ ਮੰਨਿਆ ਹੈ ਜਿਥੇ ਕਵਿਤਾ ਵਿੱਚ ਭਾਵ-ਅਭਿਵਿਅਕਤੀ ਸਹਿਜ ਅਤੇ ਸੁਭਾਵਿਕ ਹੋਵੇ ਕਿਉਂਕਿ ਉਸ ਦੇ ਮਤ ਅਨੁਸਾਰ ਅਜਿਹੀ ਸਥਿਤੀ ਵਿੱਚ ਕਵਿਤਾ ਹੀ ਭਾਵਨਾਵਾਂ ਦੀ ਅਭਿਵਿਅੰਜਕ ਇਕ ਮਾਤਰ ਭਾਸ਼ਾ ਹੁੰਦੀ ਹੈ।[10]

ਉਸ ਅਨੁਸਾਰ ਜੇਕਰ ਕਵਿਤਾ ਨਾਟਕ ਦੀ ਅਲੰਕਰਿਤ ਸੁੰਦਰਤਾ ਵਧਾਉਂਦੀ ਹੈ, ਜੇਕਰ ਉਹ ਪਾਠਕ ਨੂੰ ਕੇਵਲ ਨਾਟਕ ਨੂੰ ਦੇਖਣ ਦੇ ਨਾਲ ਨਾਲ ਕਾਵਿ-ਸੁਨਣ ਦੇ ਆਨੰਦ ਦੀ ਅਨੁਭੂਤੀ ਕਰਾਉਂਦੀ ਹੈ

ਤਾਂ ਉਹ ਸਥਿਤੀ ਵਿਅਰਥ ਹੈ। ਇਸਦਾ ਪ੍ਰਯੋਗ ਨਾਟਕੀ ਰੂਪ ਵਿੱਚ ਹੋਣਾ ਚਾਹੀਦਾ ਹੈ। ਕੇਵਲ ਨਾਟਕੀ ਰੂਪ ਵਿੱਚ ਢਲੀ ਕਵਿਤਾ ਦੇ ਰੂਪ ਵਿੱਚ ਨਹੀਂ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕਿਸੇ ਅਜਿਹੇ ਨਾਟਕ ਦੀ ਰਚਨਾ ਪਦ ਵਿੱਚ ਨਹੀਂ ਹੋਣੀ ਚਾਹੀਦੀ ਜਿਸ ਲਈ ਗੱਦ, ਨਾਟਕੀ ਮਾਧਿਅਮ ਹੀ ਉਪਯੁਕਤ ਹੋ ਸਕਦਾ ਹੈ।

ਇਸ ਪ੍ਰਕਾਰ ਈਲੀਅਟ ਕਾਵਿਕ ਅਤੇ ਨਾਟਕੀ ਜੁਗਤਾਂ ਦੇ ਪ੍ਰਯੋਗ ਨੂੰ ਇਕ ਦੂਜੇ ਦੇ ਪੂਰਕ ਮੰਨਦਾ ਹੈ। ਉਸ ਅਨੁਸਾਰ ਜੇਕਰ ਕਾਵਿ-ਨਾਟਕ ਵਿੱਚ ਕਵਿਤਾ ਅਤੇ ਨਾਟਕ ਦੀ ਵੱਖਰੀ ਵੱਖਰੀ ਹੋਂਦ ਮਹਿਸੂਸ ਹੁੰਦੀ ਹੈ ਤਾਂ ਇਹ ਕਾਵਿ-ਨਾਟਕ ਦੀ ਅਸਫ਼ਲਤਾ ਦਾ ਕਾਰਨ ਬਣੇਗੀ। ਕਾਵਿ-ਨਾਟਕ ਦੀ ਸਫ਼ਲਤਾ ਅਤੇ ਸਾਰਥਕਤਾ ਇਸ ਗੱਲ ਵਿੱਚ ਹੈ ਕਿ ਕਾਵਿ-ਨਾਟਕ ਨੂੰ ਦੇਖਦੇ ਪੜ੍ਹਦੇ ਸਮੇਂ ਦਰਸ਼ਕ/ਪਾਠਕ ਕਵਿਤਾ ਦੀਆਂ ਮਨੋਬਿਰਤੀਆਂ, ਸਥਿਤੀਆਂ ਅਤੇ ਸੰਭਾਵਨਾਵਾਂ ਵਿੱਚ ਇਤਨੇ ਲੀਨ ਹੋ ਜਾਣ ਕਿ ਉਨ੍ਹਾਂ ਕਾਵਿ-ਮਾਧਿਅਮ ਦਾ ਪਤਾ ਹੀ ਨਾ ਲੱਗੇ।

ਹਿੰਦੀ ਸਾਹਿਤ ਜਗਤ ਵਿੱਚ *ਪੋਇਟਿਕ ਡਰਾਮਾ ਅਤੇ ਡਰਾਮੈਟਿਕ ਪੋਇਟਰੀ* ਦਾ ਸਮਾਨਾਰਥੀ ਸ਼ਬਦ 'ਨਾਟ-ਕਾਵਿ' ਪ੍ਰਚਲਿਤ ਹੈ। ਅੰਗਰੇਜ਼ੀ ਭਾਸ਼ਾ ਦੇ ਇਹਨਾਂ ਦੋਵਾਂ ਸ਼ਬਦਾਂ ਨੂੰ ਸਮਾਨਾਰਥੀ ਨਹੀਂ ਮੰਨਿਆ ਜਾਂਦਾ। ਪੋਇਟਿਕ ਡਰਾਮੇ ਨੂੰ ਹਿੰਦੀ ਵਿੱਚ ਕਾਵਿ-ਨਾਟਕ ਨਾਂ ਦਿਤਾ ਗਿਆ ਹੈ। ਇਸ ਵਿੱਚ ਨਾਟਕ ਪ੍ਰਮੁੱਖ ਹੈ ਅਤੇ ਕਾਵਿਕ ਤੱਤਾਂ ਦਾ ਰਲਾ ਵੀ ਰਹਿੰਦਾ ਹੈ। ਡਰਾਮੈਟਿਕ ਪੋਇਟਰੀ ਵਿੱਚ ਕਵਿਤਾ ਪ੍ਰਮੁੱਖ ਹੈ ਅਤੇ ਨਾਟਕੀ ਜੁਗਤਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਪੋਇਟਿਕ ਡਰਾਮੇ ਅਤੇ ਡਰਾਮੈਟਿਕ ਪੋਇਟਰੀ ਵਿੱਚ ਅੰਤਰ ਸ਼ਬਦਾਂ ਦੇ ਸੰਗਿਆ ਅਤੇ ਵਿਸ਼ੇਸ਼ਣ ਰੂਪ ਵਿੱਚ ਵਰਤੇ ਜਾਣ ਦਾ ਹੈ, ਇਸ ਲਈ ਪੋਇਟਿਕ ਡਰਾਮਾ ਅਤੇ ਡਰਾਮੈਟਿਕ ਪੋਇਟਰੀ ਦੋ ਭਿੰਨ ਭਿੰਨ ਸਾਹਿਤਿਕ ਵਿਧਾਵਾਂ ਹਨ।

ਕਾਵਿ-ਨਾਟ ਵਿੱਚ 'ਕਾਵਿ' ਪਦ-ਮਾਧਿਅਮ ਦਾ ਵਾਚਕ ਹੈ ਅਤੇ 'ਨਾਟ' ਨਾਟਕੀ ਤੱਤਾਂ ਦਾ। ਇਸ ਪ੍ਰਕਾਰ ਇਸ ਰੂਪਾਕਾਰ ਦੇ ਅੰਤਰਗਤ ਪਦ ਮਾਧਿਅਮ ਵਿੱਚ ਨਾਟਕੀ ਵਿਧੀ ਦੁਆਰਾ ਰਚੀਆਂ ਰਚਨਾਵਾਂ ਆਉਂਦੀਆਂ ਹਨ। ਸਤਿੰਦਰ ਸਿੰਘ ਅਨੁਸਾਰ ਨਾਟਕੀ ਵਾਰਤਾਲਾਪ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਹੋਰਨਾਂ ਪਾਤਰਾਂ ਦੁਆਰਾ ਪ੍ਰਸਤੁਤ ਕਰੇ ਤਾਂ ਉਸ ਦੇ ਕਾਵਿ ਦਾ ਸੁਭਾਉ ਮ੍ਰਿਸ਼ਿਤ (ਕਾਵਿ-ਨਾਟ) ਵਾਲਾ ਬਣ ਜਾਂਦਾ ਹੈ।[11] ਈਲੀਅਟ ਅਨੁਸਾਰ ਕਵਿਤਾ ਨੂੰ ਨਾਟਕ ਅਤੇ ਨਾਟਕ ਨੂੰ ਕਵਿਤਾ ਦਾ ਸਹਾਰਾ ਲੈਣਾ ਪੈਂਦਾ ਹੈ।[12] ਕਾਵਿ-ਨਾਟ ਕਾਵਿ ਨਾਲ ਸਜਾਇਆ ਹੋਇਆ ਵਾਰਤਕ ਨਹੀਂ ਹੁੰਦਾ, ਸਗੋਂ ਇਸ ਵਿੱਚ ਕਵਿਤਾ ਅਤੇ ਨਾਟਕ ਦੇ ਤੱਤ ਘੁਲੇ ਮਿਲੇ ਹੁੰਦੇ ਹਨ, ਪਰ ਇਸਦੀ ਸਮੁੱਚੀ ਸੰਕਲਪਨਾ ਕਵਿਤਾ ਹੁੰਦੀ ਹੈ।

ਹਿੰਦੀ ਆਲੋਚਕ ਸੀਤਾ ਰਾਮ ਦੀਨ ਨੇ ਆਚਾਰੀਆ ਵਾਮਨ ਦਾ ਮੱਤ ਉਧਰਿਤ ਕਰਦੇ ਹੋਏ ਨਾਟਕ ਨੂੰ ਸੰਯੁਕਤ ਕਲਾ ਵਿਧੀਆਂ ਵਾਲਾ ਮਿਸ਼ਰਿਤ ਰੂਪਾਕਾਰ ਮੰਨਦਿਆਂ ਕਿਹਾ ਹੈ ਕਿ ਕਾਵਿ-ਨਾਟਕ ਵਿੱਚ ਕਵਿਤਾ, ਕਥਾ ਜਾਂ ਕਹਾਣੀ, ਸੰਗੀਤ ਕਲਾ, ਚਿੱਤਰ-ਕਲਾ, ਨ੍ਰਿਤ-ਕਲਾ, ਬੁੱਤ-ਕਲਾ, ਦ੍ਰਿਸ਼ਯ-ਵਿਧਾਨ, ਰੰਗ-ਸ਼ੋਭਾ, ਅਭਿਨੈਕਲਾ, ਰੰਗ-ਮੰਚ, ਰਸ-ਵਿਧਾਨ ਆਦਿ ਸਭ ਦੇ ਦੇ ਸੰਯੋਗ ਦੁਆਰਾ ਮਨੋਰੰਜਨ ਕੀਤਾ ਜਾਂਦਾ ਹੈ ਅਤੇ ਇਕ ਨਿਸ਼ਚਿਤ ਉਦੇਸ਼ ਵੱਲ ਸੰਕੇਤ ਵੀ।[13]

**ਕਵਿਤਾ ਅਤੇ ਨਾਟਕ ਦਾ ਸੁਮੇਲ**

ਸਾਹਿੱਤਿਕ ਜਗਤ ਵਿੱਚ ਕਵਿਤਾ ਅਤੇ ਨਾਟਕ ਅਭਿਵਿਅੰਜਨਾ ਸ਼ਕਤੀ ਦੇ ਦੋ ਨਿਵੇਕਲੇ ਰੂਪ ਹਨ। ਦੋਹਾਂ ਦੇ ਸੁਮੇਲ ਨਾਲ ਸਾਹਿਤ ਵਿੱਚ ਇਕ ਨਵੇਂ ਰੂਪਾਕਾਰ ਦਾ ਉਦਭਵ ਹੋਇਆ ਹੈ ਜਿਸ ਨੂੰ ਨਾਟਕੀ ਕਵਿਤਾ ਕਿਹਾ ਗਿਆ ਹੈ। ਪੰਜਾਬੀ ਸਾਹਿੱਤਿਕ ਜਗਤ ਦੇ ਕੁਝ ਵਿਦਵਾਨ ਇਸ ਨੂੰ ਨਾਟ-ਕਾਵਿ ਜਾ ਕਾਵਿ-ਨਾਟ ਵੀ ਕਹਿੰਦੇ ਹਨ। ਇਥੇ ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸਾਡੀ ਸਮਝ ਵਿੱਚ ਨਾਟਕੀ ਕਵਿਤਾ ਵਿੱਚ ਨਾਟਕ ਅਤੇ ਕਵਿਤਾ ਦੇ ਤੱਤਾਂ ਦੀ ਪ੍ਰਮੁੱਖਤਾ/ ਬਹੁਲਤਾ ਤੇ ਆਧਾਰਿਤ ਹੀ ਅਸੀਂ ਇਹਨਾ ਨੂੰ ਨਾਟ-ਕਾਵਿ ਜਾਂ ਕਾਵਿ-ਨਾਟ ਕਹਿ ਸਕਦੇ ਹਾਂ। ਕਵਿਤਾ ਤੇ ਨਾਟਕ ਦੇ ਸੁਮੇਲ ਸਦਕਾ ਕਾਵਿ-ਨਾਟ ਵਿੱਚਲਾ ਨਾਟਕੀ ਪੱਖ ਸੰਵੇਦਨਸ਼ੀਲ ਅਤੇ ਸਰਬ-ਵਿਆਪਕ ਬਣ ਜਾਂਦਾ ਹੈ, ਕਿਉਂਕਿ ਕਵਿਤਾ ਅਜਿਹਾ ਕਾਵਿ ਬੋਲ ਹੈ ਜ਼ੋ ਆਪਣੇ ਕਾਵਿ-ਗੁਣਾਂ, ਅਰਥਾਤ ਬਿੰਬਾਵਲੀ, ਤੋਲ-ਤੁਲਾਂਤ, ਧੁਨੀ ਲੈਅ ਤੇ ਸ਼ਬਦਾਵਲੀ ਰਾਹੀਂ ਸਮੁੱਚੇ ਮਾਨਵੀ ਵਿਅਕਤੀਤਵ ਨੂੰ ਟੁੰਬਣ ਦੇ ਸਮਰਥ ਹੈ। ਇਸੇ ਕਿਉਂਕਿ ਨਾਟਕ ਅਤੀਤ ਤੋਂ ਭਵਿੱਖ ਵੱਲ ਰੁਚਿਤ ਉਸ ਕਾਰਜ ਨੂੰ ਦਰਸਾਉਂਦਾ ਹੈ, ਜਿਸ ਵਿੱਚ ਘਟਨਾਵਾਂ ਵਾਪਰਦੀਆਂ ਹਨ, ਪਾਤਰ ਭਾਗਸ਼ਾਲੀ ਹੁੰਦੇ ਹਨ ਤੇ ਆਪਣੇ ਅਨੁਭਵਾਂ ਦੇ ਆਧਾਰ ਉਤੇ ਆਪਣੀ ਹੋਣੀ ਨੂੰ ਨਿਰਧਾਰਿਤ ਕਰਦੇ ਹਨ। ਆਪਣੇ ਨਿਖੇੜਨਾ ਅਸੰਭਵ ਹੋ ਜਾਦਾ ਹੈ।

ਕਵਿਤਾ ਦੀ ਪ੍ਰਵਿਰਤੀ ਸੰਵੇਦਨਸ਼ੀਲ ਤੇ ਸਰਬ-ਵਿਆਪਕ ਹੁੰਦੀ ਹੈ ਜਦੋਂ ਕਿ ਨਾਟਕ ਦੀ ਪ੍ਰਵਿਰਤੀ ਵਿਕਾਸਸ਼ੀਲ ਤੇ ਇਤਿਹਾਸਕ ਹੁੰਦੀ ਹੈ। ਕਾਵਿ-ਨਾਟ ਕਵਿਤਾ ਅਤੇ ਨਾਟਕ ਦੋਹਾਂ ਦੀਆਂ ਪ੍ਰਵਿਰਤੀਆਂ ਨੂੰ ਹੰਢਾਉਂਦਾ ਹੈ ਇਸ ਲਈ ਕਾਵਿ-ਨਾਟ ਵਿੱਚਲੀਆਂ ਘਟਨਾਵਾਂ ਦੇ ਬਾਹਰੀ ਪੱਖ ਦੇ ਨਾਲ-ਨਾਲ ਉਸ ਵਿੱਚਲੇ ਆਂਤ੍ਰਿਕ ਪੱਖ ਵੀ ਉਭਰ ਕੇ ਸਾਹਮਣੇ ਆਉਂਦੇ ਹਨ।

ਇਸ ਪ੍ਰਕਾਰ ਘਟਨਾਵਾਂ ਦਾ ਬਾਹਰੀ ਪੱਖ ਕਾਵਿ-ਨਾਟ ਦੇ ਨਾਟਕੀ ਤੇ ਆਂਤ੍ਰਿਕ ਪੱਖ ਉਸ ਦੇ ਕਾਵਿਕ ਪੱਖ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਜਿਸ ਪ੍ਰਕਾਰ ਘਟਨਾਵਾਂ ਦੇ ਬਾਹਰੀ ਪੱਖਾਂ ਤੇ ਆਂਤ੍ਰਿਕ ਪੱਖਾਂ ਦਾ ਨਿਖੇੜਾ ਨਹੀਂ ਕੀਤਾ ਜਾ ਸਕਦਾ ਉਸੇ ਪ੍ਰਕਾਰ ਕਾਵਿ-ਨਾਟ ਦੇ ਨਾਟਕੀ ਤੇ ਕਾਵਿਕ ਪੱਖਾਂ ਦਾ ਸੰਬੰਧ ਵੀ ਅਨਿਖੜ ਹੈ। ਉਪਰੋਕਤ ਵਿਵੇਚਨ ਤੋਂ ਅਸੀਂ ਕਹਿ ਸਕਦੇ ਹਾਂ ਕਿ ਰਚੇਵੇਂ ਸੰਬੰਧਾਂ ਦੀ ਪ੍ਰਵਿਰਤੀ ਕਾਰਨ ਕਾਵਿ-ਨਾਟ ਨਾ ਤਾਂ ਨਿਰੋਲ ਕਾਵਿਕ ਤੇ ਨਾ ਹੀ ਨਿਰੋਲ ਨਾਟਕੀ ਹੁੰਦਾ ਹੈ। ਸੋ ਕਾਵਿ-ਨਾਟ ਦੇ ਨਾਟਕੀ ਪੱਖ ਨੂੰ ਕਾਵਿਕ ਪੱਖ ਨਾਲੋਂ ਅਤੇ ਕਾਵਿਕ ਪੰਖ ਨੂੰ ਨਾਟਕੀ ਪੱਖ ਨਾਲੋਂ ਨਿਖੇੜਨਾ ਅਸੁਭਾਵਕ ਹੈ।

ਆਮ ਤੌਰ ਤੇ ਕਾਵਿ-ਨਾਟ ਅਤੇ ਗੀਤ-ਨਾਟ ਨੂੰ ਇਕੋ ਸਮਝਣ ਦੀ ਭੁੱਲ ਕੀਤੀ ਜਾਦੀ ਹੈ ਜਦ ਕਿ ਦੋਹਾਂ ਦੀ ਪ੍ਰਕਿਰਤੀ ਵਿੱਚ ਅੰਤਰ ਹੈ। ਕਵਿਤਾ ਅਤੇ ਨਾਟਕ ਦਾ ਮੇਲ ਤਾਂ ਹੋ ਸਕਦਾ ਹੈ ਜਦ ਕਿ ਗੀਤ ਅਤੇ ਨਾਟਕ ਦਾ ਇਕੋ ਸਮੇਂ ਨਿਭਾਉ ਸ਼ਾਇਦ ਸੰਭਵ ਨਹੀਂ। ਕਿਉਂਕਿ ਗੀਤ ਕਵਿਤਾ ਦਾ ਇਕ ਵਿਸ਼ੇਸ਼ ਰੂਪ ਹੈ ਅਤੇ ਕਵਿਤਾ ਸਮੁੱਚੇ ਰੂਪ ਵਿੱਚ ਨਾਟਕ ਨਾਲ ਮੇਲ ਖਾ ਸਕਦੀ ਹੈ। ਕਵਿਤਾ ਵਿੱਚ ਨਾਟਕੀਅਤਾ ਦਾ ਤੱਤ ਆਦਿ ਕਾਲੀਨ ਤੋਂ ਸ਼ਾਮਿਲ ਰਿਹਾ ਹੈ।

ਗੀਤ-ਕਾਵਿ ਲਈ ਆਤਮਗਤ ਅਤੇ ਨਾਟਕ ਲਈ ਵਸਤੂਗਤ ਦ੍ਰਿਸ਼ਟੀ ਲੋੜੀਂਦੀ ਹੈ। ਗੀਤਕਾਰ ਦੀ ਦ੍ਰਿਸ਼ਟੀ ਆਤਮਕੇਂਦਰਿਤ,

ਭਾਵਾਤਮਕ ਅਤੇ ਅੰਤਰਮੁਖੀ ਹੁੰਦੀ ਹੈ ਅਤੇ ਨਾਟਕਕਾਰ ਦਾ ਦ੍ਰਿਸ਼ਟੀਕੋਣ ਵਸਤੂਨਿਸ਼ਠ, ਘੱਟ ਭਾਵੁਕ ਅਤੇ ਬਾਹਰਮੁਖੀ ਹੁੰਦਾ ਹੈ। ਅਕਾਰ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਗੀਤ ਕਿਸੇ ਵਿਸ਼ੇਸ਼ ਮਨੋ ਸਥਿਤੀ ਜਾਂ ਮਨੋਵੇਗ ਦਾ ਸਹਿਜ ਪ੍ਰਗਟਾਵਾ ਹੋਣ ਕਾਰਨ ਅਕਾਰ ਵਿੱਚ ਸੰਖੇਪ ਹੁੰਦਾ ਹੈ ਕਾਵਿ-ਨਾਟ ਵਿੱਚ ਕਾਰਜ ਅਤੇ ਗੀਤ-ਨਾਟ ਵਿੱਚ ਭਾਵ ਦੀ ਪ੍ਰਮੁੱਖਤਾ ਹੁੰਦੀ ਹੈ। ਇਸ ਸੰਬੰਧ ਵਿੱਚ ਸ਼ਕੁੰਤਲ ਦੂਬੇ ਦੇ ਵਿੱਚਾਰ ਵਰਨਣਯੋਗ ਹਨ:

*ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਗੀਤ-ਨਾਟ ਇਕ ਅਜਿਹਾ ਕਾਵਿ ਰੂਪ ਹੈ ਜਿਸ ਦੀ ਮੂਲ ਭਾਵਲਾ ਅਤੇ ਸ਼ੈਲੀ ਆਤਮ-ਅਭਿਵਿਅਕਤੀ ਹੁੰਦੀ ਹੈ ਅਤੇ ਨਾਟਕੀ ਕਥੋਪਕਥਨ ਦੇ ਆਧਾਰ ਤੇ ਪਾਤਰਾਂ ਦੀ ਭਾਵਾਰਥ ਵਿਅੰਜਨਾ,ਵਸਤੂ ਕਥਨ ਸ਼ੈਲੀ, ਆਤਮ-ਅਭਿਵਿਅੰਜਨਾ, ਇਹ ਤਿੰਨੇ ਵਿਸ਼ੇਸ਼ਤਾਵਾਂ ਗੀਤ-ਨਾਟ ਦੀਆਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ।*[14]

ਸਤਿੰਦਰ ਸਿੰਘ ਗੀਤ-ਨਾਟ ਅਤੇ ਕਾਵਿ-ਨਾਟ ਵਿੱਚ ਅੰਤਰ ਦਰਸਾਉਂਦਿਆਂ ਲਿਖਦਾ ਹੈ:

*ਕਾਵਿ ਨਾਟਕ ਵਿੱਚ ਬਾਹਰੀ ਸੰਘਰਸ਼ ਉਪਰ ਬਲ ਹੁੰਦਾ ਹੈ, ਗੀਤ-ਨਾਟ ਵਿੱਚ ਆਂਤਰਿਕ ਸੰਘਰਸ਼ ਉਪਰ। ਪਹਿਲੇ ਦਾ*

*ਘਟਨਾ-ਖੇਤਰ ਪ੍ਰਧਾਨ ਰੂਪ ਵਿੱਚ ਭੌਤਿਕ ਤੇ ਵਸਤੂ ਜਗਤ ਹੈ, ਦੂਜੇ ਦਾ ਅੰਤਰਮਨ ਤੇ ਮਾਨਸਿਕ ਜਗਤ। ਇਸ ਤਰ੍ਹਾਂ ਭਾਵਾਤਮਕਤਾ ਤੇ ਅੰਤਰਮੁਖੀ ਦ੍ਰਿਸ਼ਟੀਕੋਣ ਦੀ ਅਧਿਕਤਾ ਗੀਤ-ਨਾਟਕ ਨੂੰ*

*ਕਾਵਿ-ਨਾਟਕ ਤੋਂ ਅੱਡ ਕਰਦੇ ਹਨ। ਅਸਲ ਵਿੱਚ ਗੀਤ-ਨਾਟਕ ਕਾਵਿ-ਨਾਟਕ ਦਾ ਹੀ ਪ੍ਰਗੀਤ-ਵਿਸ਼ੇਸ਼ ਰੂਪਾਕਾਰ ਹੈ।*[15]

ਨਾਟਕ ਦੀ ਰਚਨਾ ਕਿਸੇ ਕ੍ਰਮਬੱਧ ਉਚਿਤ ਯੋਜਨਾ ਅਤੇ ਪ੍ਰਕਿਰਿਆ ਹੁੰਦੀ ਹੈ, ਪਰੰਤੂ ਗੀਤ-ਨਾਟਕ ਵਿੱਚ ਜਦੋਂ ਉਪਯੁਕਤ ਰੂਪਾਕਾਰਾਂ ਦਾ ਮਿਸ਼ਰਣ ਕੀਤਾ ਜਾਂਦਾ ਹੈ ਤਾਂ ਗੀਤ-ਕਾਵਿ ਦਾ ਅੰਤਰਮੁਖੀ ਭਾਵਾਤਮਕ ਦ੍ਰਿਸ਼ਟੀਕੋਣ, ਨਾਟਕ ਦਾ ਕਥਾਤਮਕ ਵਰਣਨ ਤੇ ਦ੍ਰਿਸ਼ ਕਾਵਿ ਦੀ ਪ੍ਰਸਤੁਤੀ ਦੀ ਸ਼ੈਲੀ ਅਪਣਾ ਲਈ ਜਾਦੀ ਹੈ।

ਕਾਵਿ-ਨਾਟ ਦੀ ਬਣਤਰ ਨੂੰ ਮੁੱਖ ਰੱਖਦਿਆਂ ਸਾਡਾ ਧਿਆਨ ਕਾਵਿ-ਸੰਗੀਤ-ਨਾਟ (Opera) ਵੱਲ ਵੀ ਜਾਂਦਾ ਹੈ। ਭਾਵੇਂ ਉਪੇਰਾ ਦੀ ਬਣਤਰ ਕਾਵਿ-ਨਾਟ ਨਾਲ ਕਾਫ਼ੀ ਮਿਲਦੀ ਜੁਲਦੀ ਹੈ, ਪਰ ਫਿਰ ਵੀ ਇਸਦੀ ਤਕਨੀਕ ਵਿੱਚ ਵੱਡਾ ਹਿੱਸਾ ਸੰਗੀਤ ਦਾ ਹੁੰਦਾ ਹੈ ਤੇ ਇਸ ਲਈ ਇਸ ਦੀ ਕਵਿਤਾ ਦਾ ਪ੍ਰਭਾਵ ਇਕਹਿਰਾ ਰਹਿ ਜਾਂਦਾ ਹੈ। ਕੁਝ ਘਾਟ ਸੰਗੀਤ ਪੂਰਿਆਂ ਕਰਦਾ ਹੈ। ਸੰਗੀਤ ਹੀ ਉਪੇਰਾ ਦੇ ਵੱਖ ਵੱਖ ਮੋੜਾਂ ਨੂੰ ਪੈਦਾ ਕਰਦਾ ਤੇ ਉਨ੍ਹਾਂ ਦੇ ਪ੍ਰਭਾਵ ਨੂੰ ਜਨਮ ਦਿੰਦਾ ਹੈ। ਭਾਵੇਂ ਪੰਜਾਬੀ ਕਾਵਿ-ਨਾਟ ਜਾਂ ਨਾਟ-ਕਾਵਿ ਦੀ ਪਰੰਪਰਾ ਨੂੰ ਵੇਖਦਿਆਂ ਕੁਝ ਆਲੋਚਕ ਉਪੇਰਾ ਦਾ ਜ਼ਿਕਰ ਵੀ ਕਰ ਦਿੰਦੇ ਹਨ।

ਪਰੰਤੂ ਨਾਟ-ਕਾਵਿ ਦੀ ਪਰੰਪਰਾ ਵਿੱਚ ਇਸ ਦੇ ਦੋ ਰੂਪਾਂ ਦਾ ਉਲੇਖ ਹੀ ਕੀਤਾ ਜਾਣਾ ਚਾਹੀਦਾ ਹੈ। ਪਹਿਲੇ ਵਰਗ ਦੇ ਅੰਤਰਗਤ ਅਜਿਹੀਆ ਰਚਨਾਵਾਂ ਆਉਂਦੀਆਂ ਹਨ ਜਿਨ੍ਹਾਂ ਦੀ ਵਸਤੂ ਤੋਂ ਕਾਵਿਕਤਾ ਅਤੇ ਨਾਟਕੀਅਤਾ ਦਾ ਪਰਿਚੈ ਮਿਲਦਾ ਹੈ। ਦੂਸਰੇ ਵਰਗ ਵਿੱਚ ਅਜਿਹੀਆਂ ਰਚਨਾਵਾਂ ਆਉਣਗੀਆਂ ਜਿਨ੍ਹਾਂ ਦੀ ਬਾਹਰਲੀ ਬਣਤਰ ਨਾਟਕੀ ਹੁੰਦੀ ਹੈ ਅਤੇ ਵਸਤੂ ਕਾਵਿਮਈ (ਪਰ ਇਸ ਦਾ ਖੇਤਰ ਬਹੁਤ ਸੀਮਤ ਹੁੰਦਾ ਹੈ)। ਸਾਰੀ ਰਚਨਾ ਇਕ ਅੰਕ ਵਿੱਚ ਸਮਾਈ ਹੋਣ ਕਾਰਨ ਅਜਿਹੀਆਂ ਰਚਨਾਵਾਂ ਨੂੰ ਇਕਾਂਗੀ-ਨਾਟ-ਕਾਵਿ ਮੰਨਿਆ ਜਾਦਾ ਹੈ।

ਨਾਟਕ ਵਿੱਚ ਮਨੁੱਖੀ ਜੀਵਨ ਦੀਆਂ ਸਾਰੀਆਂ ਪ੍ਰਮੁੱਖ ਅਵੱਸਥਾਵਾਂ, ਪਰਿਸਥਿਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਭਰਤਮੁਨੀ ਅਨੁਸਾਰ ਕਾਵਿ-ਨਾਟ ਦਾ ਵਿਸ਼ੈ ਇੰਨਾ ਵਿਆਪਕ ਹੈ ਕਿ ਇਹਨਾਂ ਵਿੱਚ ਮਨੁੱਖ ਦੇ ਸਮੁੱਚੇ ਉਦਗਾਰਾਂ ਦੀ ਪੇਸ਼ਕਾਰੀ ਸੰਭਵ ਹੋ ਸਕੀ ਹੈ। ਜਨ ਸਮੂਹ ਦੇ ਦੁਖ ਸੁਖ ਦੀ ਕਹਾਣੀ ਅਤੇ ਇਸ ਦੇ ਸਮਾਧਾਨ ਲਈ ਪੇਸ਼ ਕੀਤੇ ਸੁਝਾਵਾਂ ਦਾ ਵਰਨਣ ਅਭਿਨੈ ਦੇ ਭਿੰਨ ਭਿੰਨ ਅੰਗਾਂ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ। ਇਨ੍ਹਾਂ ਦੀ ਅਭਿਨੈ-ਪਰਕ ਪੇਸ਼ਕਾਰੀ ਮਾਨਵੀ ਸੰਵੇਦਨਾਵਾਂ ਨੂੰ ਉਦੀਪਤ ਕਰਕੇ ਪ੍ਰਚੰਡ ਸਾਹਿਤਿਕ/ਕਲਾਤਮਿਕ ਪ੍ਰਭਾਵ ਸਿਰਜਣ ਦੇ ਸਮਰਥ ਹੁੰਦੀ ਹੈ। ਇਸ ਤਰ੍ਹਾਂ ਕਾਵਿ-ਨਾਟਕ, ਸ਼੍ਰਵ-ਕਾਵਿ ਦੇ ਨਾਲ ਨਾਲ ਇਕ ਦਰਸ਼ਨੀ ਹੁਨਰ ਵੀ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਕਾਵਿ-ਨਾਟਕ ਸਾਹਿਤ ਅਤੇ ਕਲਾ ਦਾ ਸੰਮਲਿਤ ਰੂਪ ਹੈ ਜਿਸਨੂੰ ਸੰਯੁਕਤ ਕਲਾ-ਵਿਧੀਆਂ ਵਾਲਾ ਮਿਸ਼ਰਤ ਰੂਪਾਕਾਰ ਵੀ ਆਖਿਆ ਜਾ ਸਕਦਾ ਹੈ।

ਭਰਤਮੁਨੀ ਇਸ ਦੇ ਵਿਆਪਕ ਦੀ ਮਹੱਤਤਾ ਦੱਸਦੇ ਹੋਏ ਲਿਖਦੇ ਹਨ, ਇਸ ਸੰਸਾਰ ਵਿੱਚ ਇਹੋ ਜਿਹਾ (ਕਾਵਿ-ਨਾਟਕ) ਨਾ ਕੋਈ ਗਿਆਨ-ਵਿਗਿਆਨ ਹੈ, ਨਾ ਕੋਈ ਵਿਦਿਆ ਜਾਂ ਕਲਾ, ਨਾ ਕੋਈ ਅਜਿਹੀ ਸਾਧਨਾ ਹੈ, ਨਾ ਕੋਈ ਅਜਿਹਾ ਕੰਮ-ਕਾਜ ਜਿਹੜਾ ਇਸ ਨਾਟਕੀ-ਕਾਵਿ ਵਿੱਚ ਸਮੋਇਆ ਨਾ ਗਿਆ ਹੋਵੇ।[16]

### ਟਿੱਪਣੀਆਂ ਅਤੇ ਹਵਾਲੇ:


1. ਭਰਤਮੁਨੀ, ਨਾਟਯ ਸ਼ਾਸਤਰ (ਅਨੁਵਾਦਕ ਜੀ. ਐਨ ਰਾਜਗੁਰੂ) ਪੰਨਾ: 3
2. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ-ਅਧਿਐਨ, ਪੰਨਾ: 98
3. Dictionary of Literary Terms. Ed. by Harry shaw, P. 125
4. R.A. Scett-James, The Making of Literature, P.142
5. T.S. Eliot, Selected Essays, P.51
6. Gosw[Bh, T[jh, gzBk 15H
7. James H. Clay Daviel Krempel, The Theatrical Image, P.26.
8. A Nicoll, The Theory of Drama, P.45
9. A.C Bradley, Oxford Lectures on poetry, P. 183
10. "It will only be 'Poetry' when the dramatic situation has reached such a point of intensity that poetry becomes the natural utterance in which the emotions can be expressed at all." T. S. Eliot, Poetry & Drama, P.15

11. ਡਾ. ਸਤਿੰਦਰ ਸਿੰਘ, 'ਪੰਜਾਬੀ ਨਾਟਕੀ ਕਾਵਿ ਤੇ ਕਾਵਿ ਨਾਟਕ', ਆਧੁਨਿਕ ਪੰਜਾਬੀ ਕਾਵਿ ਰੂਪ: ਅਧਿਐਨ, ਪੰਨਾ 154.
12. "All poetry tends towards drama and all drama towards poetry, "T.S. Eliot, Selected Essays, P. 52.
13. ਡਾ. ਸੀਤਾ ਰਾਮ ਦੀਨ, ਸਾਹਿਤਯ ਲੋਚਨ, ਸਿਧਾਂਤ ਔਰ ਅਧਿਐਨ, 1953, ਪੰਨਾ 58.
14. ਸ਼ਕੁੰਤਲਾ ਦੂਬੇ, ਕਾਵਿ ਰੂਪੋਂ ਕਾ ਮੂਲ ਸਰੋਤ ਔਰ ਉਨਕਾ ਵਿਕਾਸ, ਪੰਨਾ 538।
15. ਉਹੀ ਪੁਸਤਕ, ਪੰਨਾ 154.
16. ਭਰਤਮੁਨੀ, ਨਾਟਯਸ਼ਾਸਤਰ, ਪੰਨਾ 16